# ਬੱਚਿਆਂ ਦੀ ਖੇਡ ਵਿੱਚ ਸਹਾਇਕ ਹੋਣਾ

ਬੱਚੇ ਆਪਣਾ ਸੰਸਾਰ ਖੇਡ ਦੁਆਰਾ ਲੱਭਦੇ ਅਤੇ ਜਾਂਚਦੇ ਹਨ, ਅਤੇ ਖੇਡ ਦਾ ਮੂਲ-ਤੱਤ ਹੈ ਚੋਣ ਕਰਨ ਦੀ ਸਵਤੰਤਰਤਾ : ਇਹ ਨਿਸ਼ਚਿਤ ਕਰਨਾ ਕਿ ਕੀ ਕਰਨਾ ਹੈ ਅਤੇ ਉਹ ਕਿਸਦੇ ਨਾਲ ਕਰਨਾ ਹੈ। ਇਸ ਤੇਜ਼ੀ ਨਾਲ ਬਦਲਦੇ ਹੋਏ ਸੰਸਾਰ ਵਿੱਚ ਬੱਚਿਆਂ ਲਈ ਜ਼ਰੂਰੀ ਹੈ ਕਿ ਉਹ ਖੇਡ ਦੌਰਾਨ ਚੋਣ ਕਰਨ ਦਾ ਹੁਨਰ ਸਿੱਖਣ ਅਤੇ ਉਸਦਾ ਅਭਿਆਸ ਕਰਨ।

ਵੱਡੇ, ਬੱਚਿਆਂ ***ਨਾਲ*** ਖੇਡ ਸਕਦੇ ਹਨ (10 ਮਹੀਨਿਆਂ ਦੀ ਉਮਰ ਵਾਲੇ ਨਾਲ ਲੁਕਣ-ਮੀਚਾ) ਜਾਂ ਬੱਚਿਆਂ ਦਾ ਖੇਡ ***ਸਥਾਪਤ*** ਕਰ ਸਕਦੇ ਹੋ (ਸੌਕਰ ਟੀਮ ਨੂੰ ਕੋਚ ਕਰਨਾ)। ਉਹ ਬੱਚਿਆਂ ਦੀ ਖੇਡ ਵਿੱਚ ਸਿਧੀ ਤਰ੍ਹਾਂ ਨਾ ਸ਼ਾਮਿਲ ਹੋਕੇ ਵੀ ਉਹਨਾਂ ਦੀ ਖੇਡ ਵਿੱਚ ***ਸਹਾਇਕ*** ਹੋ ਸਕਦੇ ਹਨ। ਬੱਚਿਆਂ ਦੀ ਖੇਡ ਦਾ ਕਾਬੂ ਉਹਨਾਂ ਦੇ ਹੀ ਹੱਥਾਂ ਵਿੱਚ ਰੱਖਕੇ ਉਹਨਾਂ ਦੀ ਖੇਡ ਨੂੰ ਹੋਰ ਵੀ ਵਧੀਆ ਬਣਾਉਣ ਲਈ ਇਹ ਕੁੱਛ ਸੁਝਾਅ ਹਨ।

## ਸਮ੍ਹਾਂ ਕੱਢੋ

- ਦਿਨ ਭਰ ਇੱਕ ਢਾਂਚੇ ਵਿੱਚ ਬੰਨੀਆਂ ਹੋਈਆਂ ਗਤੀਵਿਧੀਆਂ ਵਿੱਚ ਸਮ੍ਹਾਂ ਬਿਤਾਉਣ ਤੋਂ ਬਾਅਦ ਬੱਚਿਆਂ ਨੂੰ ਕੁੱਛ ਸਵਤੰਤਰ ਸਮ੍ਹਾਂ ਦਿਓ। ਉਹਨਾਂ ਦੀ ਖੇਡ ਉਹਨਾਂ ਨੂੰ ਦਿਨ ਭਰ ਵਿੱਚ ਸਿੱਖੀਆਂ ਗੱਲਾਂ ਨੂੰ ਇੱਕਠਾ ਕਰਨ ਵਿੱਚ ਮਦਦ ਕਰਦੀ ਹੈ।
- ਢਾਂਚੇ ਵਿੱਚ ਬੰਨੀਆਂ ਹੋਈਆਂ ਗਤੀਵਿਧੀਆਂ ਦੇ ਅਭਿਆਸ ਵਿੱਚ ਬਿਤਾਇਆ ਸਮ੍ਹਾਂ (ਤੈਰਨਾ, ਜਿਮਨਾਸਟਿਕ, ਪਿਆਨੋ, ਆਦਿ) ਖੇਡ ਦਾ ਸਮ੍ਹਾਂ ਨਹੀਂ ਹੈ। ਬੱਚੇ ਅਜਿਹੇ ਹੁਨਰ ਸਿੱਖ ਸਕਦੇ ਹਨ ਜਿੰਨ੍ਹਾਂ ਦਾ ਉਪਯੋਗ ਉਹ ਬਾਅਦ ਵਿੱਚ ਖੇਡ ਵਿੱਚ ਕਰਨਗੇ, ਪਰ ਉਹਨਾਂ ਅਭਿਆਸਾਂ ਵਿੱਚ ਸਵਤੰਤਰ ਚੋਣ ਦੇ ਮੂਲ-ਤੱਤ ਨਹੀਂ ਹੁੰਦੇ ਹਨ।

## ਜਗ੍ਹਾ ਪ੍ਰਦਾਨ ਕਰੋ

- ਆਪਣੇ ਘਰ ਨੂੰ "ਬੇਬੀ ਪਰੂਫ" ਬਣਾਓ ਤਾਂ ਕਿ ਸ਼ਿਸ਼ੂ ਅਜ਼ਾਦੀ ਨਾਲ ਖੋਜ-ਭਾਲ ਕਰ ਸਕੇ। ਆਪਣੇ 4 ਸਾਲਾ ਬੱਚੇ ਲਈ ਪਲੇਅ-ਪੈਨ ਦਾ ਉਪਯੋਗ ਕਰੋ; ਉਹ ਆਪਣੇ 8 ਪ੍ਰੋਜੈਕਟ ਅਤੇ ਲੇਗੋ ਬਣਾਉਣ ਦੀ ਖੇਡ ਉੱਥੇ ਲਿਆ ਕੇ ਉਹਨਾਂ ਤੇ ਕੰਮ ਕਰ ਸਕਦਾ ਹੈ ਅਤੇ ਸ਼ਿਸ਼ੂ ਤੋਂ ਆਪਣਾ ਸਮਾਨ ਦੂਰ ਰੱਖ ਸਕਦਾ ਹੈ।
- ਬੱਚਿਆਂ ਨੂੰ ਭਿੰਨ ਭਿੰਨ ਖੇਡ ਦੀਆਂ ਥਾਂਵਾਂ ਤੇ ਲਜਾਓ, ਦੋਨੋਂ ਹੀ ਇਮਾਰਤ ਦੇ ਅੰਦਰ ਅਤੇ ਬਾਹਰ ਮੈਦਾਨ ਵਿੱਚ। ਸਥਾਨਕ ਪਾਰਕ ਅਤੇ ਪਰਿਵਾਰਕ ਰਿਸੋਰਸ ਸੈਂਟਰ ਤਰ੍ਹਾਂ ਤਰ੍ਹਾਂ ਦੇ ਖੇਡਾਂ ਨੂੰ ਉਭਾਰਣਗੇ।
- ਪੁਰਾਣਾ ਮੈਟਰਸ ਬੇਸਮੈਂਟ ਵਿੱਚ ਰੱਖੋ, ਕਲਾਬਾਜ਼ੀ ਨੂੰ ਵਧਾਵਾ ਦੇਣ ਲਈ ਅਤੇ ਮੋਟਰ ਸਕਿਲਜ਼ ਨੂੰ ਪੂਰੀ ਤਰ੍ਹਾਂ ਵਿਕਸਿਤ ਕਰਨ ਲਈ।
- ਖੇਡ ਘੱਟ ਹੀ ਸਾਫ-ਸੁਥਰਾ ਹੁੰਦਾ ਹੈ ਇਸ ਲਈ ਗੰਦਗੀ ਅਤੇ ਖਲ੍ਹਾਰੇ ਨੂੰ ਸਵੀਕਾਰ ਕਰਨਾ ਸਿੱਖੋ। ਬਾਅਦ ਵਿੱਚ ਸਫਾਈ ਨੂੰ ਅਸਾਨ ਬਣਾਉਣ ਲਈ ਸਤਹ ਨੂੰ ਅਖਬਾਰ ਅਤੇ ਪਲਾਸਟਿਕ ਨਾਲ ਸੁਰੱਖਿਅਤ ਬਣਾਓ। ਬੱਚਿਆਂ ਦੀ ਉਚਾਈ ਅਨੁਸਾਰ ਸ਼ੈਲਫ ਲਾ ਕੇ ਅਤੇ ਪਾਰਦਰਸ਼ੀ ਡੱਬਿਆਂ ਦੁਆਰਾ ਉਹਨਾਂ ਦੇ ਸਮਾਨ ਰੱਖਣ ਦੇ ਕੰਮ ਨੂੰ ਸੌਖਾ ਬਣਾਓ।

## ਸਮਗਰੀ ਅਤੇ ਸਾਧਨ ਪ੍ਰਦਾਨ ਕਰੋ

- ਬੱਚਿਆਂ ਦੇ ਮਜ਼ੇ ਲਈ ਮਹਿੰਗੇ ਅਤੇ ਉੱਚੀ ਕਿਸਮ ਦੇ ਖਿਡੌਣੇ ਹੋਣਾ ਜ਼ਰੂਰੀ ਨਹੀਂ ਹੈ। ਬੱਚਾ, ਖਿਡੌਣੇ ਦੀ ਪੈਕਿੰਗ ਵੱਲ ਜ਼ਿਆਦਾ ਆਕਰਸ਼ਿਤ ਹੋ ਸਕਦਾ ਹੈ ਕਿਉਂਕਿ ਉਸਦੀ ਕਲਪਨਾ ਪੈਕਿੰਗ ਨੂੰ ਹੋਰ ਕਈ ਚੀਜ਼ਾਂ ਵਿੱਚ ਬਦਲ ਸਕਦੀ ਹੈ।
- ਸਮੇਂ-ਸਮੇਂ ਤੇ ਕੋਈ ਨਵਾਂ ਭਾਗ ਜੋੜਣ ਕਰਕੇ ਖੇਡ ਦਾ ਵਾਤਾਵਰਣ ਜ਼ਿਆਦਾ ਰੌਚਿਕ ਹੋ ਜਾਂਦਾ ਹੈ ਅਤੇ ਨਵੀਂ ਦਿਲਚਸਪੀ ਨੂੰ ਵਧਾਉਂਦਾ ਹੈ। ਪਲੇ-ਡੋ ਟੇਬਲ ਤੇ ਲੈਮੂਨ ਪਰੈਸ ਰੱਖਣ ਦੀ ਕੋਸ਼ਿਸ਼ ਕਰੋ। ਖਿਡੌਣਿਆਂ ਦੀ ਲਾਈਬ੍ਰੇਰੀ ਵਿੱਚ ਸ਼ਾਮਿਲ ਹੋਵੋ ਅਤੇ ਹਰ ਮਹੀਨੇ ਘਰ ਵਿੱਚ ਨਵੇਂ ਖਿਡੌਣੇ ਲੈਕੇ ਆਓ।
- ਢਿੱਲੀਆਂ ਅਤੇ ਬੇਕਾਰ ਚੀਜ਼ਾਂ "ਲੂਜ਼ ਪਾਰਟਸ"* ਇਕੱਠਾ ਕਰਨ ਵਾਲੇ ਬਣੋ ਤਾਂ ਕਿ ਉਹਨਾਂ ਨੂੰ ਅਲਗ-ਅਲਗ ਤਰੀਕਿਆਂ ਨਾਲ ਜੋੜਕੇ ਕੁੱਛ ਬਣਾਇਆ ਜਾ ਸਕੇ : ਵੱਡੇ ਬਲੌਕ ਜਾਂ ਅਲਗ ਅਲਗ ਅਕਾਰ ਦੇ ਡੱਬੇ, ਘਰ ਵਿੱਚ ਬਣਾਇਆ ਹੋਇਆ ਪਲੇ-ਡੋ, ਛੋਟੇ ਅਕਾਰ ਦੇ ਔਜ਼ਾਰ, ਪੋਂਚੂ ਅਤੇ ਟੋਪੀ ਵਰਗੀ ਪੌਸ਼ਾਕ, ਪਾਰਕ ਤੋਂ ਜਮ੍ਹਾਂ ਕੀਤਾ ਹੋਇਆ "ਕਬਾੜ"। ਇਹ ਸੱਭ ਚੀਜ਼ਾਂ ਬੱਚਿਆਂ ਨੂੰ ਆਪਣੀਆਂ ਕਲਪਨਾਵਾਂ ਨਾਲ ਖੇਡਣ ਦਾ ਮੌਕਾ ਦਿੰਦੀਆਂ ਹਨ ਅਤੇ ਆਪਣੇ ਖਿਡੌਣੇ ਆਪ ਬਣਾਉਣ ਵੇਲੇ ਅਲਗ-ਅਲਗ ਸੰਭਾਵਨਾਵਾਂ ਦੀ ਖੋਜ ਕਰਨ ਦਿੰਦੀਆਂ ਹਨ।

## ਸਾਥ ਪ੍ਰਦਾਨ ਕਰੋ

- ਸੱਦਾ ਦਿੱਤੇ ਜਾਣ ਤੇ, ਬੱਚੇ ਦੀ ਖੇਡ ਵਿੱਚ ਸ਼ਾਮਿਲ ਹੋਵੋ, ਪਰ ਯਾਦ ਰੱਖੋ ਕਿ ਉਹਨਾਂ ਨੂੰ ਅਗਵਾਈ ਕਰਨ ਦੇਣਾ ਹੈ। ਉਹ ਫੈਸਲਾ ਕਰਨਗੇ ਅਤੇ ਤੁਸੀਂ ਉਹਨਾਂ ਦਾ ਪਾਲਣ ਕਰੋਂਗੇ।
- ਮਿੱਤਰਾਂ ਨੂੰ ਸੱਦਾ ਦਿਓ ਜਾਂ ਆਪਣੇ ਬੱਚਿਆਂ ਨੂੰ ਪਲੇ-ਗਰੁੱਪ ਵਿੱਚ ਲੈਕੇ ਜਾਓ। ਸ਼ਾਇਦ ਦੂਜਾ 4 ਸਾਲਾ ਬੱਚਾ ਤੁਹਾਡੀ ਤੁਲਨਾ ਵਿੱਚ ਫਾਇਰਮੈਨ ਦਾ ਖੇਡ ਜ਼ਿਆਦਾ ਦੇਰ ਤੱਕ ਧਿਆਨ ਪੂਰਵਕ ਖੇਡ ਸਕੇਗਾ।

## ਪ੍ਰਤੀਕ੍ਰਿਆ ਪ੍ਰਦਾਨ ਕਰੋ

- ਇੱਕ ਵਾਰ ਖੇਡ ਦਾ ਮੰਚ ਤਿਆਰ ਕਰਨ ਤੋਂ ਬਾਅਦ ਪਿੱਛੇ ਹੱਟ ਜਾਓ ਅਤੇ ਜੋ ਹੋਣਾ ਹੈ ਹੋਣ ਦਿਓ। ਤੁਹਾਡੀ ਜ਼ਰੂਰਤ ਹੋ ਸਕਦੀ ਹੈ ਕੁੱਛ ਭਾਰ ਵਾਲੀਆਂ ਚੀਜ਼ਾਂ ਚੁੱਕਣ ਲਈ ਜਾਂ ਅਸੁਰੱਖਿਅਤ ਖੇਡ ਦੀ ਦਿਸ਼ਾ ਬਦਲਣ ਲਈ, ਪਰ ਬੱਚਿਆਂ ਨੂੰ ਉਹਨਾਂ ਦੇ ਆਪਸੀ ਝਗੜੇ ਆਪ ਹੀ ਸੁਲਝਾਉਣ ਦਿਓ। ਜਦੋਂ ਉਹ ਬਹਿਸ ਕਰ ਰਹੇ ਹੋਣ, ਉਦੋਂ ਯਾਦ ਰੱਖੋ ਕਿ ਅਸਲੀ ਖੇਡ ਦੀ ਤੁਲਨਾ ਵਿੱਚ ਉਹਨਾਂ ਲਈ ਇਹ ਨਿਸ਼ਚਿਤ ਕਰਨਾ ਜ਼ਿਆਦਾ ਮਹੱਤਵਪੂਰਨ ਹੋ ਸਕਦਾ ਹੈ ਕਿ ਖੇਡ ***ਕਿੰਦਾਂ*** ਖੇਡਿਆ ਜਾਵੇ।
- ਬੱਚਿਆਂ ਦੀਆਂ ਕੋਸ਼ਿਸ਼ਾਂ ਦਾ ਆਦਰ ਕਰੋ। ਉਹਨਾਂ ਨੂੰ ਆਪ ਹੀ ਪਤਾ ਲਗਾਉਣ ਦਿਓ ਕਿ ਕੀ ਕੰਮ ਕਰਦਾ ਹੈ ਅਤੇ ਕੀ ਨਹੀਂ। ਉਹ ਆਪਣੀਆਂ ਸਮੱਸਿਆਵਾਂ ਨੂੰ ਆਪ ਸੁਲਝਾਉਣਾ ਸਿੱਖ ਨਹੀਂ ਸਕਣਗੇ ਜੇਕਰ ਕੋਈ ਵੱਡਾ ਵਿਅਕਤੀ ਇਹ ਕੰਮ ਉਹਨਾਂ ਲਈ ਹਮੇਸ਼ਾ ਕਰਦਾ ਰਹੇ ਤਾਂ।
- ਬੱਚਿਆਂ ਨੂੰ ਪਤਾ ਲੱਗਣ ਦਿਓ ਕਿ ਤੁਸੀਂ ਸੋਚਦੇ ਹੋ ਕਿ ਉਹਨਾਂ ਦੀ ਖੇਡ ਮਹੱਤਵਪੂਰਨ ਹੈ। ਗੈਰ-ਜ਼ਰੂਰੀ ਗੱਲਾਂ ਤੇ ਨਾ ਟੋਕੋ। ਜਦੋਂ ਰੁੱਕਣ ਦਾ ਸਮ੍ਹਾਂ ਹੋਵੇ, ਉਦੋਂ ਉਹਨਾਂ ਨੂੰ ਚੰਗੀ ਤਰ੍ਹਾਂ ਚਿਤਉਣੀ ਦੇਵੋ।
- ਕਹਾਣੀ ਵਿੱਚ ਕੋਈ ਖਾਸ ਸਫਲ ਖੇਡ ਦਾ ਪ੍ਰਸੰਗ ਸ਼ਾਮਿਲ ਕਰੋ ਜਿਸ ਨੂੰ ਤੁਸੀਂ ਸੌਣ ਵੇਲੇ ਸੁਣਾ ਸਕੋ। "ਇੱਕ ਵਾਰ ਕੁੱਛ ਬੱਚੇ ਸੀ ਜਿੰਨ੍ਹਾਂ ਨੂੰ ਇੱਕ ਲਾਲ ਪੋਂਚੂ ਵਾਲੇ ਜਾਦੂਗਰ ਨੇ ਚੂਹੇ ਬਣਾ ਦਿੱਤਾ ਸੀ ਅਤੇ ਉਸ ਨੇ ਜਾਦੂ ਦੇ ਸ਼ਬਦ ਕਹੇ ਸਨ।" ਬੱਚੇ ਆਪਣੇ ਖੇਲ ਨੂੰ ਪਹਿਚਾਨਣਗੇ ਅਤੇ ਉਸਨੂੰ ਫਿਰ ਤੋਂ ਖੇਡਣਗੇ।

**ਆਪਣੇ ਖੇਡਣ ਦੇ ਉਤਸਾਹ ਨੂੰ ਜੀਵਤ ਰੱਖੋ। ਆਪਣੇ ਹੀ ਬਚਪਨ ਨੂੰ ਜਾਗਰੂਕ ਕਰੋ!**

*ਬੈਟਸੀ ਮਾਨ ਦੁਆਰਾ*
*ਪੈਸੀਫਿਕ ਓਕਸ ਕਾਲਜ, ਕੈਲੀਫੋਰਨੀਆ ਵਿੱਚ ਬੈਟੀ ਜੋਨਸ ਦੁਆਰਾ ਪ੍ਰਸਤੁਤ ਵਰਕਸ਼ੌਪ ਦੇ ਨੋਟਸ ਦੇ ਅਧਾਰ ਤੇ।*

* ਸਾਈਮਨ ਨਿਕਲਸਨ ਨੇ *ਲੈਂਡਸਕੇਪ ਆਰਕੀਟੈਕਚਰ* ਵਿੱਚ 1971 ਵਿੱਚ ਲਿਖਿਆ ਸੀ "ਬੱਚਿਆਂ ਨਾਲ ਛੱਲ-ਕਪਟ ਕਿੰਦਾਂ ਨਾ ਕੀਤਾ ਜਾਵੇ : ਲੂਜ਼ ਪਾਰਟਸ ਦਾ ਸਿਧਾਂਤ"।